# Meeting of EAM and NSA with US Special Representative for Afghanistan Reconciliation

May 07, 2020

# ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੀ ਅਫਗਾਨਿਸਤਾਨ ਮੇਲ-ਮਿਲਾਪ ਲਈ ਵਿਸ਼ੇਸ਼ ਅਮਰੀਕੀ ਪ੍ਰਤੀਨਿਧੀ ਨਾਲ ਮੁਲਾਕਾਤ

7 ਮਈ, 2020

ਅਫਗਾਨਿਸਤਾਨ ਮੇਲ-ਮਿਲਾਪ ਲਈ ਵਿਸ਼ੇਸ਼ ਅਮਰੀਕੀ ਪ੍ਰਤੀਨਿਧੀ ਸ੍ਰੀ ਜ਼ਲਮੈ ਖਲਿਲਜ਼ਾਦ ਨੇ ਅੱਜ ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੇ ਨਾਲ ਅਮਰੀਕੀ ਰਾਸ਼ਟਰੀ ਸੁਰੱਖਿਆ ਕਾਉਂਸਿਲ ਵਿੱਚ ਸੀਨੀਅਰ ਡਾਇਰੈਕਟਰ ਸ਼੍ਰੀਮਤੀ ਲੀਜ਼ਾ ਕਰਟਿਸ ਅਤੇ ਭਾਰਤ ਵਿੱਚ ਅਮਰੀਕੀ ਰਾਜਦੂਤ ਸ੍ਰੀ ਕੇਨ ਜੈਸਟਰ ਵੀ ਸਨ।

ਸ੍ਰੀ ਖਲੀਲਜ਼ਾਦ ਨੇ ਅਫਗਾਨਿਸਤਾਨ ਵਿੱਚ ਸ਼ਾਂਤੀ ਅਤੇ ਮੇਲ ਮਿਲਾਪ ਕਾਇਮ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਬਾਰੇ ਤਾਜ਼ਾ ਜਾਣਕਾਰੀ ਦਿੱਤੀ। ਅਮਰੀਕੀ ਪੱਖ ਨੇ ਅਫਗਾਨਿਸਤਾਨ ਨੂੰ ਆਰਥਿਕ ਵਿਕਾਸ, ਮੁੜ ਉਸਾਰੀ ਅਤੇ ਇਨਸਾਨੀ ਮਦਦ ਦੇਣ ਵਿੱਚ ਭਾਰਤ ਦੇ ਉਸਾਰੂ ਯੋਗਦਾਨ ਨੂੰ ਮੰਨਿਆ। ਉਨ੍ਹਾਂ ਨੇ ਅਫਗਾਨਿਸਤਾਨ ਅੰਦਰ ਸਥਾਈ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਕਾਇਮ ਕਰਨ ਵਿੱਚ ਭਾਰਤ ਦੀ ਅਹਿਮ ਅਤੇ ਨਿਰੰਤਰ ਭੂਮਿਕਾ ਉੱਤੇ ਜ਼ੋਰ ਦਿੱਤਾ।

ਵਿਦੇਸ਼ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਸ਼ਾਂਤੀ, ਸੁਰੱਖਿਆ, ਏਕਤਾ, ਜਮਹੂਰੀਤ ਅਤੇ ਸ਼ਮੂਲੀਅਤ ਵਾਲੀ ਰਾਜਨੀਤੀ ਨੂੰ ਮਜ਼ਬੂਤ ਕਰਨ ਅਤੇ ਅਫਗਾਨ ਹਿੰਦੂਆਂ ਅਤੇ ਸਿੱਖਾਂ ਸਮੇਤ ਅਫ਼ਗਾਨ ਸਮਾਜ ਦੇ ਸਾਰੇ ਵਰਗਾਂ ਦੇ ਅਧਿਕਾਰਾਂ ਦੀ ਰਾਖੀ ਪ੍ਰਤੀ ਭਾਰਤ ਦੇ ਅਟੁੱਟ ਸਮਰਥਨ ਨੂੰ ਦੁਹਰਾਇਆ। ਹਿੰਸਾ ਦੇ ਵਧਣ 'ਤੇ ਭਾਰਤ ਨੂੰ ਡੂੰਘੀ ਚਿੰਤਾ ਹੈ ਅਤੇ ਭਾਰਤ ਤੁਰੰਤ ਜੰਗਬੰਦੀ ਕਰਨ ਅਤੇ ਕੋਰੋਨਾਵਾਇਰਸ ਮਹਾਂਮਾਰੀ ਨਾਲ ਨਜਿੱਠਣ ਲਈ ਅਫਗਾਨਿਸਤਾਨੀ ਲੋਕਾਂ ਦੀ ਮਦਦ ਕਰਨ ਦੀ ਜ਼ਰੂਰਤ ਦਾ ਸਮਰਥਨ ਕਰਦਾ ਹੈ। ਕੋਰੋਨਾਵਾਇਰਸ ਤੋਂ ਉਪਜੇ ਹਾਲਾਤ ਨਾਲ ਨਜਿੱਠਣ ਲਈ ਭਾਰਤ ਅਫਗਾਨਿਸਤਾਨ ਨੂੰ ਮਨੁੱਖੀ ਭੋਜਨ ਅਤੇ ਡਾਕਟਰੀ ਸਪਲਾਈ ਦੇਣ ਲੱਗਾ ਹੋਇਆ ਹੈ। ਇਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਅਫਗਾਨਿਸਤਾਨ ਅੰਦਰ ਸਦੀਵੀ ਅਤੇ ਟਿਕਾਊ ਸ਼ਾਂਤੀ ਅਤੇ ਸਥਿਰਤਾ ਸਥਾਪਤ ਕਰਨ ਲਈ ਅੱਤਵਾਦੀਆਂ ਦੀਆਂ ਸੁਰੱਖਿਅਤ ਪਨਾਹਗਾਹਾਂ ਅਤੇ ਅਸਥਾਨਾਂ ਨੂੰ ਖਤਮ ਕਰਨ ਦੀ ਲੋੜ ਹੈ।

ਨਵੀਂ ਦਿੱਲੀ
7 ਮਈ, 2020

DISCLAIMER: This is an approximate translation. The original is available in English on MEA's website and may be referred to as the official press release.